ਨੰਬਰ/ਐਫ.ਸੀ.ਏ. 1777

ਮਿਤੀ 4-10-2016

ਵਲੋਂ

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਸੇਵਾ ਵਿਖੇ

ਮੁੱਖ ਵਣ ਪਾਲ (ਐਫ.ਸੀ.),
ਅਤੇ ਨੋਡਲ ਅਫਸਰ (ਐੱਫ.ਸੀ.ਏ),
ਅਜੀਤਗੜ੍ਹ (ਮੋਹਾਲੀ)।

ਵਿਸ਼ਾ: **Diversion of 0.45 ha. of Forest Land for improvement of roads from NH-03 to Dhobighat Hoshiarpur and Una road including construction of New Road under Forest Division Hoshiarpur Punjab.**

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਪੀ.ਡਬਲਿਯੂ.ਡੀ. (ਬੀ. ਐਂਡ ਆਰ. ਸ਼ਾਖਾ), ਹੁਸ਼ਿਆਰਪੁਰ ਵੱਲੋਂ **Diversion of 0.45 ha. of Forest Land for improvement of roads from NH-03 to Dhobighat Hoshiarpur and Una road including construction of New Road under Forest Division Hoshiarpur** ਲਈ ਵਣ ਵਿਭਾਗ ਦੀ ਡਾਇਰਵਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਤਹਿਤ ਆਨ-ਲਾਈਨ ਕਰਕੇ ਪ੍ਰਵਾਨਗੀ ਲਈ ਭੇਜੀ ਹੈ। ਯੂਜਰ ਏਜੰਸੀ ਇਕ ਸਰਕਾਰੀ ਅਦਾਰਾ ਹੈ। ਇਸ ਤਜਵੀਜ ਵਿੱਚ 0.45 ਹੈਕਟਰ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ। ਇਸ ਕੇਸ ਵਿੱਚ 160 ਰੁੱਖ ਅਤੇ 71 ਪੋਲ ਪ੍ਰਭਾਵਿਤ ਹੁੰਦੇ ਹਨ, ਜਿਨ੍ਹਾਂ ਨੂੰ ਪ੍ਰੋਪੋਜਲ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ। ਇਸ ਕੇਸ ਵਿੱਚ ਬਣਦੀ ਕੰਪਨਸੇਟਰੀ ਪਲਾਂਟੇਸ਼ਨ (ਪੱਤਰ ਨੰ: FCA/1980/6884-6900 dated 31-08-2016 ਅਨੁਸਾਰ ਪ੍ਰਾਪਤ ਹੋਈ ਸੋਧੀ ਹੋਈ ਸੀ.ਏ. ਸਕੀਮ ਅਨੁਸਾਰ) ਅਤੇ ਐੱਨ.ਪੀ.ਵੀ/ਅਡੀਸ਼ਨਲ ਐੱਨ.ਪੀ.ਵੀ. ਦੀ ਬਣਦੀ ਕੀਮਤ ਦੇਣ ਸਬੰਧੀ ਯੂਜਰ ਏਜੰਸੀ ਵੱਲੋਂ ਅੰਡਰਟੇਕਿੰਗ ਦਿੱਤੀ ਗਈ ਹੈ ਜੋ ਕਿ ਪ੍ਰਪੋਜਲ ਵਿੱਚ ਸ਼ਾਮਲ ਹੈ। ਨਿਮਨਹਸਤਾਖਰ ਨੇ ਇਸ ਰਕਬੇ ਦਾ ਮਿਤੀ 15/9/16 ਨੂੰ ਨਿੱਜੀ ਨਿਰੀਖਣ ਕਰ ਲਿਆ ਹੈ, ਜਿਸ ਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਪੰਨਾ ਨੰ: 63 ਤੇ ਹੈ। ਇਸ ਕੇਸ ਵਿੱਚ ਬਣਦੀ ਕੰਪਨਸੇਟਰੀ ਪਲਾਂਟੇਸ਼ਨ ਲਈ ਰਕਬਾ ਚੱਕ ਸਾਧੂ, ਪੀ ਐੱਫ ਚੁਣਿਆ ਗਿਆ ਹੈ। ਯੂਜਰ ਏਜੰਸੀ ਨੇ ਇਸ ਕੇਸ ਦੀ ਪ੍ਰੋਸੈਸਿੰਗ ਫੀਸ 1000/- ਰੁਪਏ 8782 ਫਾਰੈਸਟ ਰਿਮੀਟੈਂਸ ਹੈੱਡ ਅਧੀਨ ਵਣ ਰੇਂਜ ਅਫਸਰ, ਹੁਸ਼ਿਆਰਪੁਰ ਪਾਸ ਜਮ੍ਹਾਂ ਕਰਵਾ ਦਿੱਤੀ ਹੈ। ਯੂਜਰ ਏਜੰਸੀ ਵੱਲੋਂ ਪ੍ਰਭਾਵਿਤ ਰਕਬੇ ਦੇ 50/- ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬਣਦੀ ਰਕਮ 225000/- ਰੁਪਏ ਦਾ ਡੀਮਾਂਡ ਡਰਾਫਟ ਇਸ ਦਫਤਰ ਵਿਖੇ ਸਬਮਿੱਟ ਕੀਤਾ ਗਿਆ ਸੀ, ਜੋਕਿ ਇਸ ਦਫਤਰ ਦੇ ਪੱਤਰ ਨੰ: 605 ਮਿਤੀ 30-05-2016 ਨਾਲ ਪੰਜਾਬ ਗਰੀਨਿੰਗ ਮਿਸ਼ਨ ਫੰਡ ਦੇ ਅਕਾਉਂਟ ਨੰਬਰ 1488000101175523 ਵਿੱਚ ਜਮ੍ਹਾਂ ਕਰਨ ਲਈ ਮੈਨੇਜਰ ਪੰਜਾਬ ਨੈਸ਼ਨਲ ਬੈਂਕ, ਸੈਕਟਰ-9, ਚੰਡੀਗੜ੍ਹ ਨੂੰ ਮੂਲ ਰੂਪ ਵਿੱਚ ਭੇਜ ਦਿੱਤਾ ਗਿਆ ਹੈ। ਤਜਵੀਜ ਵਣ ਕੰਜਰਵੇਸ਼ਨ ਐਕਟ ਦੀ ਧਾਰਾ 2 ਦੀ ਪ੍ਰਾਵਾਨਗੀ ਲਈ ਸਿਫਾਰਿਸ਼ ਸਹਿਤ 2 ਪੜਤਾਂ ਵਿੱਚ ਨਾਲ ਨੱਥੀ ਕਰਕੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

ਸਹਿਪੱਤਰ:ਉੱਪਰਵਾਂਗ।
ਕੇਸ ਦੋ ਪੜ੍ਹਤਾਂ ਵਿੱਚ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ.........................ਮਿਤੀ.......................

ਇਸ ਦੀ ਇਕ ਨਕਲ :-

1) ਵਣ ਪਾਲ, ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਸਮੇਤ ਪ੍ਰੋਪੋਜਲ ਦੀ ਇੱਕ ਪੜ੍ਹਤ ਦੇ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜੀ ਜਾਂਦੀ ਹੈ।
2) ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ. ਪੀ.ਡਬਲਿਯੂ.ਡੀ. (ਬੀ. ਐਂਡ ਆਰ. ਸ਼ਾਖਾ), ਹੁਸ਼ਿਆਰਪੁਰ ਨੂੰ ਸੂਚਨਾ ਲਈ ਭੇਜੀ ਜਾਂਦੀ ਹੈ।
3) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਯੂਜਰ ਏਜੰਸੀ ਨੂੰ ਐੱਫ.ਸੀ.ਏ 1980 ਤਹਿਤ ਬਿਨ੍ਹਾਂ ਪ੍ਰਵਾਨਗੀ ਤੋਂ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

D:\FCA (Santosh)\Forests Clearance.nic.in\F.C.A_Sham_LG.doc